# ਟਰੇਲ ਦੀ ਵਰਤੋਂ

## ਟਰੇਲ ਨੂੰ ਵਰਤਣਾ ਤੇ ਸਮਝਣਾ: ਬਲੇਜ਼

ਓਕ ਰਿੱਜ ਟਰੇਲ ਚਿੱਟੇ ਚਮਕਦਾਰ ਨਿਸ਼ਾਨਾਂ ਜੋ ਕਿ ਪੌਦਿਆਂ, ਦਰਖਤਾਂ ਦੇ ਤਣਿਆਂ, ਪੋਸਟਾਂ, ਖੰਭਿਆਂ ਅਤੇ ਢਾਚਿਆਂ ਤੇ ਪੇਂਟ ਹੋਏ ਹਨ। ਪਾਸਿਆਂ ਦੀ ਟਰੇਲ ਨੀਲੇ ਬਲੇਜ਼ ਚਮਕਦੇ ਨਿਸ਼ਾਨਾਂ ਨਾਲ ਦਰਸ਼ਾਈ ਗਈ ਹੈ। ਹਰੇਕ ਬਲੇਜ਼ ਲੇਟਵੀਂ ਆਇਤਾਕਾਰ ਬਣੀ ਹੈ, ਜੋ ਕਿ 5 ਸੈਮੀ: ਚੌੜੀ ਅਤੇ 15 ਸੈਮੀ ਲੰਬੀ ਹੈ (2ਇੰਚ × 6 ਇੰਚ)। ਇੱਕ ਇਕੱਲਾ ਚਮਕਦਾਰ ਬਲੇਜ਼ ਅੱਗੇ ਵੱਧਣ ਦਾ ਨਿਸ਼ਾਨ ਦਰਸ਼ਾਓਂਦਾ ਹੈ। ਦੋਹਰਾ ਬਲੇਜ਼ ਦਾ ਨਿਸ਼ਾਨ ਟਰੇਲ ਦੇ ਮੁੜਨ ਦਾ ਰਾਹ ਦੱਸਦਾ ਹੈ । ਬਲੇਜ਼ ਨੂੰ ਕਿਸ ਤਰ੍ਹਾਂ ਪੜੀਏ, ਇਹ ਜਾਣੋ ।

ਟਰੇਲ ਅੱਗੇ ਲਗਾਤਾਰ ਜਾਰੀ ਹੈ।

ਸੱਜੇ ਮੁੜੋ।

ਖੱਬੇ ਮੁੜੋ।

ਟਰੇਲ ਦਾ ਅੰਤ।

ਨੋਟ: ਅਯਰੋਰਾ ਦੀਆਂ ਗਲੀਆਂ ਵਿੱਚ, ਰੰਗ ਕੀਤੇ ਬਲੇਜ਼ 6 ਇੰਚ × 6 ਇੰਚ ਦੇ ਚਿੱਟੇ ਨਿਸ਼ਾਨਾਂ ਵਿੱਚ ਬਦਲੇ ਗਏ ਹਨ। ਓਕ ਰਿੱਜ ਟਰੇਲ ਅਤੇ ਦਿਸ਼ਾਸੂਚਕ ਨਿਸ਼ਾਨ ਤੀਰ ਹਰੇ ਰੰਗ ਵਿਚੱ ਪੇਂਟ ਕੀਤੇ ਗਏ ਹਨ ।

ਜੇਕਰ ਤੁਸੀਂ ਟਰੇਲ ਤੋਂ ਭਟਕ ਜਾਵੋ, ਤਾਂ ਪਿਛਲੇ ਬਲੇਜ਼ ਤੱਕ ਮੁੜ ਕੇ ਜਾਓ ਜਿਹੜਾ ਤੁਸੀ ਦੇਖਿਆ ਸੀ।

ਓਕ ਰਿੱਜ ਟਰੇਲ ਅਗਵਾਈ ਕਿਤਾਬ ਵਿਚੱ ਨਕਸ਼ੇ ਅਤੇ ਟਰੇਲ ਦੇ ਰੂਟ ਅਤੇ ਵਰਤੋਂ ਨਿਸ਼ਾਨ ਦੱਸੇ ਗਏ ਹਨ। ਟਰੇਲ ਕਈ ਵਾਰ ਦਵਾਰਾ ਬਣਾਈ ਜਾਂਦੀ ਹੈ ਅਤੇ ਨਕਸ਼ੇ ਤੋ ਕੁੱਝ ਵੱਖ ਹੋ ਸਕਦੀ ਹੈ। ਜੇਕਰ ਬਲੇਜ਼ ਰਸਤਾ, ਨਕਸ਼ੇ ਦੇ ਰਸਤਿਆਂ ਤੋ ਵੱਖ ਹੋਵੇ ਤਾਂ ਬਲੇਜ਼ ਦੀ ਹੀ ਵਰਤੋਂ ਕਰੋ ।

**ਟਰੇਲ ਦੇ ਨਾਲ ਨਾਲ ਹੀ ਰਹੋ**

ਓਕ ਰਿੱਜ ਟਰੇਲ ਦੀ ਵਰਤੋਂ ਕਰਨ ਵਾਲਿਆਂ ਨੂੰ ਜਾਣਨਾ ਚਾਹੀਦਾ ਹੈ ਕਿ ਇਹ ਉਹਨਾਂ ਦੀ ਜਿੰਮੇਵਾਰੀ ਹੈ ਕਿ ਨਿਸ਼ਾਨ ਵਾਲੇ ਟਰੇਲ ਅਤੇ ਬਦਲਿਆਂ ਰਸਤਿਆਂ ਵੱਲ ਧਿਆਨ ਦੇਣ। ਜਾਇਦਾਦ ਵਿੱਚ ਘੁੱਸਪੈਠ ਕਾਨੂੰਨ ਦੀ ਉਲੰਘਣਾ ਕਾਨੂੰਨੀ ਮੁਸ਼ਕਿਲਾਂ ਵਿੱਚ ਫਸਾ ਸਕਦੀ ਹੈ। ਇਹ ਸਾਰੇ ਟਰੇਲ ਨੂੰ ਵਰਤਣ ਵਾਲਿਆਂ ਦੇ ਹਿੱਤ ਵਿੱਚ ਹੈ ਕਿ ਅਸੀਂ ਨਿੱਜੀ ਜਾਇਦਾਦ ਦੇ ਮਾਲਕਾਂ, ਜਿੰਨਾ ਦੀ ਟਰੇਲ ਦੇ ਨਾਲ ਜਾਇਦਾਦ ਹੈ, ਦੇ ਅਧਿਕਾਰਾਂ ਦਾ ਧਿਆਨ ਰੱਖੀਏ।

**ਕੈਮਪਿੰਗ**

ਟਰੇਲ ਦੇ ਕਿਸੇ ਵੀ ਭਾਗ ਤੇ ਕੈਪਿੰਗ ਮਨਾ ਹੈ। ਕੈਮਪਿੰਗ ਕੇਵਲ ਵਪਾਰਕ ਕੈਂਪ ਮੈਦਾਨਾਂ ਜੋ ਕਿ ਅਗਵਾਈ ਕਿਤਾਬ ਵਿੱਚ ਰਹਿਣ ਵਾਲੀਆਂ ਸਥਾਨਾਂ ਦੀ ਲਿਸਟ ਵਿੱਚ ਸ਼ਾਮਿਲ ਹਨ, ਉਪਰ ਹੀ ਉਪਲਬਧ ਹੈ।